2057
19/8/16

## ਦਫਤਰ ਡਾਇਰੈਕਟਰ ਸਿਖਿਆ ਵਿਭਾਗ(ਸੈ:ਸਿ) ਪੰਜਾਬ,ਐਸ.ਏ.ਐਸ.ਨਗਰ ।
### (ਸੈਕੰਡਰੀ ਸਿੱਖਿਆ ਸ਼ਾਖਾ)

ਵੱਲ

ਸਮੂਹ ਮੰਡਲ ਸਿਖਿਆ ਅਫਸਰ,
ਸਮੂਹ ਜਿਲ੍ਹਾ ਸਿੱਖਿਆ ਅਫਸਰ (ਸੈ:ਸਿ),
ਸਮੂਹ ਜਿਲ੍ਹਾ ਸਿੱਖਿਆ ਅਫਸਰ (ਐ:ਸਿ)
ਪੰਜਾਬ ।
ਮੀਮੋ ਨੰ:-15/7-2016 ਸੈ:ਸਿ(2)
ਮਿਤੀ ਐਸ.ਏ.ਐਸ.ਨਗਰ:- 17-8-16

ਵਿਸ਼ਾ:- ਅਧਿਆਪਕਾਂ ਨੂੰ ਸਾਲ 2016 ਲਈ ਸਪੈਸ਼ਲ ਸਟੇਟ ਅਵਾਰਡ ਅਤੇ ਲਾਈਫ ਟਾਈਮ ਅਚੀਵਮੈਂਟ ਅਵਾਰਡ ਦੇਣ ਸਬੰਧੀ ।

1. **ਸਪੈਸ਼ਲ ਅਵਾਰਡ:-** ਸਰਕਾਰ ਵੱਲੋ ਫੈਸਲਾ ਲਿਆ ਗਿਆ ਹੈ ਕਿ **25% ਸਟੇਟ ਅਵਾਰਡ ਸਿੱਧੇ ਤੌਰ ਤੇ** ਚੰਗੀ ਕਾਰਗੁਜ਼ਾਰੀ
ਵਾਲੇ ਅਧਿਆਪਕਾਂ ਨੂੰ ਮੰਡਲ/ ਜਿਲ੍ਹਾ ਸਿੱਖਿਆ ਅਫਸਰਾਂ ਵੱਲੋ ਸਿਫਾਰਿਸ਼ ਕੀਤੇ ਜਾਣ ਤੇ ਦਿੱਤੇ ਜਾਣੇ ਹਨ । ਇਸ ਲਈ ਆਪ ਨੂੰ ਇਸ ਸਬੰਧੀ
ਹਦਾਇਤ ਕੀਤੀ ਜਾਂਦੀ ਹੈ ਕਿ ਆਪਣੇ ਮੰਡਲ/ਜਿਲ੍ਹੇ ਵਿੱਚੋ ਸਿੱਖਿਆ ਦੇ ਖੇਤਰ ਵਿੱਚ ਵਧੀਆ ਕਾਰਗੁਜਾਰੀ ਵਾਲੇ ਅਜਿਹੇ **ਅਧਿਆਪਕ ਦਾ ਨਾਂ**
**ਸਿਫਾਰਿਸ਼ ਕਰਕੇ ਭੇਜਿਆ ਜਾਵੇ,** ਜਿਸ ਨੂੰ ਪਹਿਲਾਂ ਸਟੇਟ ਅਵਾਰਡ, ਨੈਸ਼ਨਲ ਅਵਾਰਡ ਨਾ ਦਿੱਤਾ ਗਿਆ ਹੋਵੇ ਅਤੇ ਨਾ ਹੀ ਉਸ ਨੇ ਇਸ ਸਾਲ
ਸਟੇਟ ਅਵਾਰਡ ਲਈ ਅਪਲਾਈ ਕੀਤਾ ਹੋਵੇ ਅਤੇ ਨਾ ਹੀ ਉਸ ਨੂੰ 15 ਅਗਸਤ ਜਾਂ ਹੋਰ ਕੌਮੀ ਦਿਵਸ ਤੇ ਰਾਜ ਸਰਕਾਰ ਜਾਂ ਕੇਂਦਰ ਸਰਕਾਰ
ਵੱਲੋ ਸਨਮਾਨਿਤ ਕੀਤਾ ਗਿਆ ਹੋਵੇ । ਆਪ ਵਲੋ ਅਜਿਹੇ **ਸਿਰਫ ਇੱਕ ਯੋਗ ਅਧਿਆਪਕ ਦਾ ਨਾਂ ਹੀ ਸਿਫਾਰਿਸ਼ ਕੀਤਾ ਜਾਵੇ** ਜਿਸ ਵੱਲੋ
ਸਿੱਖਿਆ ਅਤੇ ਵਿਦਿਆਰਥੀਆਂ ਲਈ ਬੇਮਿਸਾਲ ਯੋਗਦਾਨ ਕੀਤਾ ਗਿਆ ਹੋਵੇ । ਇਹ ਯਕੀਨੀ ਬਣਾਇਆ ਜਾਵੇ ਕਿ ਇਹ ਸਿਫਾਰਿਸ਼ ਮਿਤੀ 22-
08-16 ਤੱਕ ਹਰ ਹਾਲਤ ਵਿੱਚ ਇਸ ਦਫਤਰ ਵਿਖੇ ਪੁੱਜਦੀ ਕੀਤੀ ਜਾਵੇ ਜਿਸ ਵਿੱਚ ਇਸ ਅਧਿਆਪਕ ਵੱਲੋ ਕੀਤੇ ਗਏ ਕੰਮਾਂ ਦਾ ਵੇਰਵਾ ਵੀ
ਸ਼ਾਮਲ ਹੋਵੇ ਇਸ ਸਬੰਧੀ ਕਰਾਇਟੈਰਿਆ ਸਟੇਟ ਅਵਾਰਡ ਸਾਲ 2015 ਵਾਲਾ ਹੀ ਹੋਵੇਗਾ ।

2. **ਲਾਈਫ ਟਾਈਮ ਅਚੀਵਮੈਂਟ ਅਵਾਰਡ:-** ਮਾਨਯੋਗ ਸਿਖਿਆ ਮੰਤਰੀ ਜੀ ਵੱਲੋ ਇਸ ਵਾਰ ਅਧਿਆਪਕਾ ਵਿਚੋ ਪੂਰੀ ਸਰਵਿਸ
ਦੌਰਾਨ ਵਧੀਆ ਕਾਰਗੁਜ਼ਾਰੀ ਦਿਖਾਉਣ ਵਾਲੇ ਕਿਸੇ ਇੱਕ ਮੇਲ ਅਤੇ ਇੱਕ ਫੀਮੇਲ ਅਧਿਆਪਕ ਨੂੰ ਇੱਕ ਲਾਈਫ ਟਾਇਮ ਅਚੀਵਮੈਂਟ ਅਵਾਰਡ
ਦੇਣ ਦਾ ਫੈਸਲਾ ਕੀਤਾ ਹੈ ਇਸ ਲਈ ਆਪ ਨੂੰ ਲਿਖਿਆ ਜਾਦਾ ਹੈ ਕਿ ਆਪਣੇ ਜਿਲੇ ਵਿਚੋ ਇੱਕ ਮੇਲ ਅਤੇ ਇੱਕ ਫੀਮੇਲ ਅਧਿਆਪਕਾ ਦਾ ਨਾਮ
ਭੇਜਿਆ ਜਾਵੇ ਜਿਸ ਨੇ ਪੂਰੀ ਸਰਵਿਸ ਦੌਰਾਨ ਵਧੀਆ ਕਾਰਗੁਜ਼ਾਰੀ ਦਿਖਾਈ ਹੋਵੇ ਅਤੇ ਉਸ ਵੱਲੋ ਸਟੇਟ ਅਵਾਰਡ, ਨੈਸ਼ਨਲ ਅਵਾਰਡ ਜਾਂ
ਮਾਲਤੀ ਗਿਆਨ ਪੀਠ ਪੁਰਸਕਾਰ ਅਵਾਰਡ ਵਿਚੋ ਕੋਈ ਇਕ ਅਵਾਰਡ ਪ੍ਰਾਪਤ ਕੀਤਾ ਹੋਵੇ ਅਤੇ ਉਸ ਦੀ ਉਮਰ ਘੱਟੋ ਘੱਟ 55 ਸਾਲ ਹੋਵੇ ਇਹ
ਨਾਮ ਵੀ ਹਰ ਹਾਲਤ ਵਿਚ ਮਿਤੀ 22-8-16 ਤੱਕ ਹਰ ਹਾਲਤ ਵਿਚ ਪੁਜਦੇ ਕੀਤੇ ਜਾਣ ।

ਡਿਪਟੀ ਡਾਇਰੈਕਟਰ (ਸੈ:ਸਿ)

## ਦਫ਼ਤਰ ਜਿਲ੍ਹਾ ਸਿੱਖਿਆ ਅਫ਼ਸਰ (ਸੈ:ਸਿ:), ਅੰਮ੍ਰਿਤਸਰ।

ਪੱਤਰ ਨੰ: ਜੀ-2/2016/ 4389 ਮਿਤੀ:- 19-8-16

ਉਪਰੋਕਤ ਪੱਤਰ ਇਸ ਜਿਲ੍ਹੇ ਦੇ ਸਮੂਹ ਸਰਕਾਰੀ ਸਕੂਲਾਂ ਦੇ ਮੁੱਖੀਆਂ ਨੂੰ ਭੇਜ ਕੇ ਲਿਖਿਆ ਜਾਂਦਾ ਹੈ ਕਿ ਮੰਗੇ ਗਏ ਕੇਸ ਨਿਰਧਾਰਤ ਮਿਤੀ ਨੂੰ ਦੁਪਹਿਰ 12.00 ਵਜੇ ਤੱਕ ਇਸ ਦਫ਼ਤਰ ਨੂੰ ਪੁੱਜਦੇ ਕੀਤੇ ਜਾਣ। ਨਿਰਧਾਰਤ ਮਿਤੀ ਤੋਂ ਬਾਅਦ ਦੇ ਪ੍ਰਾਪਤ ਕੇਸ ਵਿਚਾਰੇ ਨਹੀਂ ਜਾਣਗੇ।

ਜਿਲ੍ਹਾ ਸਿੱਖਿਆ ਅਫ਼ਸਰ (ਸੈ:ਸਿ),
ਅੰਮ੍ਰਿਤਸਰ